

# ਮੁਨੀਰ ਨਿਆਜ਼ੀ ਦੀ ਸ਼ਾਇਰੀ

*ਅਮਰਜੀਤ ਚੰਦਨ*

ਅਦਬ ਕਿਤਾਬੀ ਨੁਸਖ਼ਿਆਂ ਨਾਲ ਨਹੀਂ ਬਣਦਾ ਪਰ ਇਹਨੂੰ ਥੋੜ੍ਹਾ-ਬਹੁਤ ਸਮਝਣ ਲਈ ਦੋ ਨੁਸਖੇ ਤਾਂ ਕੰਮ ਆ ਜਾਂਦੇ ਨੇ ਕਿ ਸ਼ਾਇਰ ਦੀ ਨਿੱਜੀ ਤੇ ਸਮਾਜੀ ਤਰਬੀਅਤ ਕੀ ਸੀ ਤੇ ਉਹ ਕਿਨ੍ਹਾਂ ਤਵਾਰੀਖ਼ੀ ਹਾਲਾਤ 'ਚ ਵਿਚਰਦਾ ਰਿਹਾ।

ਨਿਆਜ਼ੀ ਪਠਾਣਾਂ ਦਾ ਮੁੰਡਾ ਮੁਨੀਰ ਸੰਨ ਸੰਤਾਲੀ ਦੇ ਉਜਾੜੇ ਤੋਂ ਵੀਹ ਵਰ੍ਹੇ ਪਹਿਲਾਂ ਹੁਸ਼ਿਆਰਪੁਰ ਦੁਆਬੇ ਦੇ ਪਿੰਡ ਖਾਨਪੁਰ ਵਿਚ ਜੰਮਿਆ ਪਰਵਾਨ ਚੜ੍ਹਿਆ ਸੀ। ਸ਼ਾਇਰ ਮੁਨੀਰ ਨਿਆਜ਼ੀ ਦੀ ਸਮੁੱਚੀ ਸ਼ਾਇਰੀ ਦੀ ਤਾਸੀਰ ਦੇ ਪਿੱਛੇ ਸੰਨ ਸੰਤਾਲੀ ਦਾ ਜੀਆਘਾਤ ਦਿਸਦਾ ਹੈ। ਇਹਨੇ ਉਮਰ ਦੇ ਪਿਛਲੇ ਪਹਿਰ ਵਿਚ ਜਾ ਕੇ ਲਿਖੀ ਕਵਿਤਾ **ਕਿੱਥੇ ਜਾਈਏ** ਵਿਚ ਪੰਜਾਬ ਦੇ ਟੁੱਟਣ ਦਾ ਸਿੱਧਾ ਜ਼ਿਕਰ ਕੀਤਾ ਹੈ।

ਨਿਆਜ਼ੀ ਵਾਂਙ ਹੀ ਉਹਦੇ ਦੋ ਹਮਉਮਰ ਸ਼ਾਇਰ ਅਹਮਦ ਰਾਹੀ ਤੇ ਹਬੀਬ ਜਾਲਿਬ ਨੂੰ ਸੰਤਾਲੀ ਵਿਚ ਅੰਮ੍ਰਿਤਸਰੋਂ ਤੇ ਹੁਸ਼ਿਆਰਪੁਰੋਂ ਉਜੜਨਾ ਪਿਆ ਸੀ। ਸੰਤਾਲੀ 'ਚ ਔਰਤਾਂ ਤੇ ਢਹੇ ਕਹਿਰ ਦਾ ਵਿਰਲਾਪ ਰਾਹੀ ਦੀ ਮਸ਼ਹੂਰ ਕਿਤਾਬ 'ਤ੍ਰਿੰਞਣ' ਦੀ ਉੱਚੀ ਸੁਰ ਹੈ। ਜਾਲਿਬ ਲਸ਼ਕਰੀ (ਉਰਦੂ) 'ਚ ਲਿਖਦਾ ਸੀ। ਉਹ ਆਪਣੀ ਭਟਕਣ ਨੂੰ ਟੁੱਟੇ ਰੁਲਦੇ ਪੱਤੇ 'ਬਰਗ-ਏ-ਆਵਾਰਾ' ਦਾ ਨਾਂ ਦਿੱਤਾ, ਜੋ ਉਹਦੇ ਪਹਿਲੇ ਦੀਵਾਨ ਦਾ ਨਾਂ ਸੀ। ਫ਼ੈਜ਼ ਨੇ ਪੰਦਰਾਂ ਅਗਸਤ ਸੰਤਾਲੀ ਦੀ ਸਵੇਰ ਦਾ ਦਾਗ਼ੀ ਉਜਾਲਾ ਸਭ ਤੋਂ ਪਹਿਲਾਂ ਵੇਖ ਲਿਆ ਸੀ। ਸੋ ਪੰਜਾਬ ਦਾ ਉਜਾੜਾ ਇਨ੍ਹਾਂ ਦੀ ਸ਼ਾਇਰੀ ਦੀ ਸਿਆਣ ਬਣੀ ਰਹੀ। ਇਹਦੇ ਨਾਲ ਹੀ ਇਨ੍ਹਾਂ ਦੇ ਹਮਉਮਰ ਤਿੰਨ ਸਿੱਖ ਸ਼ਾਇਰ ਲਾਹੌਰੋਂ ਬੇਘਰ ਹੋ ਕੇ ਨਵੀਂ ਬਣੀ ਸਰਹੱਦ ਦੇ ਪਾਰ ਚਲੇ ਗਏ—ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਹਰਿਭਜਨ ਸਿੰਘ। ਇਨ੍ਹਾਂ ਦੀ ਰਚਨਾ ਵਿਚ ਸੰਤਾਲੀ ਦਾ ਵਿਰਲਾਪ ਕੋਈ ਬਹੁਤਾ ਨਹੀਂ। ਸੋਚਣ ਵਾਲੀ ਗੱਲ ਏ ਕਿ ਮੁਸਲਿਮ ਕਵੀਆਂ ਨੂੰ ਨਵੇਂ ਬਣੇ ਮੁਸਲਿਮਸਤਾਨ 'ਚ ਜਾ ਕੇ ਮਰਦੇ ਦਮ ਤਕ ਵੀ ਚੈਨ ਨਾ ਮਿਲਿਆ ਤੇ ਬੇਵਤਨ ਹੋਏ ਸਿੱਖ ਕਵੀਆਂ ਦੇ ਦੁੱਖ ਦੀ ਸ਼ਿੱਦਤ ਘਟਦੀ-ਘਟਦੀ ਕਿਉਂ ਘਟ ਗਈ। (ਅਹਿਮਦ

ਰਾਹੀ ਲਾਹੌਰ ਹਸਪਤਾਲ ਵਿਚ ਪਿਆ ਆਖ਼ਰੀ ਸਾਹ ਲੈਂਦਿਆਂ ਤਰਲੇ ਲੈਂਦਾ ਰਿਹਾ : ਮੈਨੂੰ ਅੰਮ੍ਰਿਤਸਰ ਲੈ ਚੱਲੋ।)

***

ਪੰਜਾਬੀਆਂ ਦਾ ਪਰਾਈਆਂ ਬੋਲੀਆਂ ਤੇ ਲਿਪੀਆਂ ਵਿਚ ਲਿਖਣਾ ਸਾਡੇ ਇਤਿਹਾਸ ਦਾ ਉਦਾਸ ਕਰਨ ਵਾਲਾ ਪੱਖ ਹੈ। ਨਿਆਜ਼ੀ ਨੇ ਬਹੁਤੀ ਸ਼ਾਇਰੀ ਲਸ਼ਕਰੀ ਵਿਚ ਕੀਤੀ ਅਤੇ ਰਾਹੀ ਤੇ ਜਾਲਿਬ ਨੇ ਵੀ। ਖ਼ਿਆਲ ਤੇ ਲਹਿਜ਼ੇ ਤੋਂ ਇਨ੍ਹਾਂ ਦੇ ਲਸ਼ਕਰੀ ਕਲਾਮ ਵਿਚ ਵੀ ਪੰਜਾਬੀ ਹੀ ਬੋਲਦੀ ਸੁਣਦੀ ਹੈ। ਨਿਆਜ਼ੀ ਦਾ ਪੰਜਾਬੀ ਕਲਾਮ, ਪੰਜਾਬੀ ਲਿਪੀ ਵਿਚ ਉਤਾਰਦਿਆਂ ਮੈਨੂੰ ਇੰਜ ਲੱਗਦਾ ਰਿਹਾ ਜਿਵੇਂ ਕੋਈ ਪਰਦੇਸੀ ਬਾਰੀਂ ਵਰ੍ਹੀਂ ਘਰ ਪਰਤ ਇਸ਼ਨਾਨ-ਪਾਣੀ ਕਰਕੇ ਵਿਹੜੇ 'ਚ ਡਾਹੇ ਮੰਜੇ 'ਤੇ ਨਿੱਸਲ ਬੈਠਾ ਆਪਣਿਆਂ ਨਾਲ ਗੱਲੀਂ ਲੱਗਿਆ ਹੈ। ਜਿਉਂ ਗਾਇਕ ਤੁਫ਼ੈਲ ਨਿਆਜ਼ੀ ਦੀ ਵਾਣੀ ਵਿਚ ਠੇਠ ਦੁਆਬੀ ਦਾ ਕਣ ਹੈ ਤਿਉਂ ਸ਼ਾਇਰ ਮੁਨੀਰ ਨਿਆਜ਼ੀ ਦੇ ਹਜ਼ਾਰਾਂ ਸਾਲ ਪੁਰਾਣੇ ਸ਼ਬਦਾਂ ਦੀ ਧੂਨੀ ਵਿਚ ਵੀ ਦੇਸ ਦੁਆਬੇ ਦੇ ਕੂਕਦੇ ਮੋਰ ਦੀ ਜੀਭ ਕੰਬਦੀ ਹੈ।

ਮਾਂ-ਬੋਲੀ ਜਜ਼ਬਾਤੀ ਸ਼ਬਦ ਹੈ। ਪਠਾਣ ਮੁਨੀਰ ਦੀ ਬੋਲੀ ਦੀ ਗੱਲ ਕਰੀਏ ਤਾਂ ਇਹ ਤਿੰਨ-ਚਾਰ ਸਦੀਆਂ ਪਹਿਲੋਂ ਗ਼ਜ਼ਨੀਓਂ ਹੁਸ਼ਿਆਰਪੁਰ ਜਾ ਕੇ ਵਸੇ ਉਹਦੇ ਜਠੇਰਿਆਂ ਨਾਲ ਜਾ ਜੁੜਦੀ ਏ। ਉਨ੍ਹਾਂ ਨੂੰ ਆਪਣ ਪਸ਼ਤੋ ਵਿਸਾਰਨ 'ਚ ਕਿੰਨਾ ਸਮਾਂ ਲੱਗਾ ਹੋਵੇਗਾ ? ਲਸ਼ਕਰੀ ਤੇ ਕਦੇ-ਕਦੇ ਪੰਜਾਬੀ ਵਿਚ ਲਿਖਣ ਵਾਲੇ ਸਾਡੇ ਇਸ ਸ਼ਾਇਰ ਨੇ ਕਦੇ ਪਸ਼ਤੋ ਦਾ ਸੋਚਿਆ ਹੋਵੇਗਾ ? ਮਾਂ-ਬੋਲੀ ਬੋਲੀ ਹੋਈ ਹੀ ਮਾਂ-ਬੋਲੀ ਹੁੰਦੀ ਹੈ। ਲਿਖੀ ਜਾ ਕੇ ਇਹ ਸਰਸਵਤੀ ਮਾਂ-ਬੋਲੀ ਬਣ ਜਾਂਦੀ ਹੈ। ਨਿਖਰਨ ਲਗਦੀ ਹੈ। ਅਦਬੀ ਬੋਲੀ ਬਣਨ ਲੱਗਦੀ ਏ। ਪਰ ਨਿਖਾਰ ਤੋਂ ਮਗਰੋਂ ਵੀ ਨਿਆਰੀ ਰਹਿੰਦੀ ਹੈ। ਆਖਿਆ ਜਾਂਦਾ ਏ ਕਿ ਸ਼ਾਇਰੀ ਬੋਲੀ ਦਾ ਕਸ਼ੀਦ ਹੋਇਆ ਸਤ ਹੁੰਦੀ ਏ। ਨਿਆਜ਼ੀ ਨੇ ਲਸ਼ਕਰੀ ਵਿਚ ਪੰਜਾਬੀ ਨਾਲੋਂ ਤਿੰਨ ਗੁਣਾ ਵੱਧ ਕਿਤਾਬਾਂ ਲਿਖੀਆਂ। ਉਹਦੇ ਨਾਲ ਦਰਜ ਹੋਈਆਂ ਗੱਲਾਂ ਵਿਚ ਕਿਸੇ ਨੇ ਉਹਦੀ ਪੰਜਾਬੀ ਸ਼ਾਇਰੀ ਦਾ ਕਦੇ ਨਹੀਂ ਪੁੱਛਿਆ। ਸਵਾਲ ਇਹ ਬਣਦਾ ਸੀ—ਉਹਨੇ ਜੋ ਪੰਜਾਬੀ ਵਿਚ ਲਿਖਿਆ, ਉਹ ਉਸ ਲਸ਼ਕਰੀ ਵਿਚ ਕਿਉਂ ਨਹੀਂ ਲਿਖਿਆ, ਜਾਂ ਉਸ ਜੋ ਪੰਜਾਬੀ ਵਿਚ ਲਿਖਿਆ, ਕੀ ਉਹ ਲਸ਼ਕਰੀ ਵਿਚ ਲਿਖਿਆ ਹੀ ਨਹੀਂ ਜਾ ਸਕਦਾ ?

ਨਿਆਜ਼ੀ ਆਪਣੇ ਵੇਲੇ ਦੀ ਰਹਿਤਲ ਦੇ ਨਾਲ-ਨਾਲ ਦੁਆਬੇ ਦੀ ਸਦੀਆਂ ਪਹਿਲਾਂ ਹੀ ਸਰਬ-ਸਾਂਝੀ ਰਹਿਤਲ ਦੇ ਦਰਸ਼ਨ ਵੀ ਕਰਵਾਂਦਾ ਹੈ; ਜਦ ਉਹ ਰਾਮ, ਸੀਤਾ, ਭੈਰੋਂ, ਸੁੰਦਰ ਬਨ, ਮਸਾਣ, ਅਰਜਨ, ਕੁਰੂਕਸ਼ੇਤਰ ਵਰਗੇ ਨਾਮ-ਚਿੰਨ੍ਹ ਆਪਣੀ ਸ਼ਾਇਰੀ 'ਚ ਜੜਦਾ ਹੈ। ਨਿਆਜ਼ੀ ਤੇ ਅਖ਼ਤਰ ਅਹਿਸਨ ਹੀ ਦੋ ਸ਼ਾਇਰ ਹਨ, ਜਿਨ੍ਹਾਂ ਦੀ ਕਵਿਤਾ ਵਿਚ ਹਿੰਦੂ ਵਿਰਸੇ ਦੇ ਝਲਕਾਰੇ ਹੈਨ। ਇਹ ਵਾਲਾ ਠੇਠ ਪੰਜਾਬੀ ਮੁਹਾਵਰਾ ਇਹਦੀ ਲੈਅ, ਵਾਣੀ ਦਾ ਢੰਗ, ਤਰਜ਼, ਆਵਾਜ਼ ਦਾ ਕਣ ਹੁਣ ਦੀ ਸਮੁੱਚੀ ਪੰਜਾਬੀ ਕਵਿਤਾ 'ਚੋਂ ਅਲੋਪ ਹੋ ਚੁੱਕਾ ਏ।

***

ਨਿਆਜ਼ੀ ਦੀ ਸ਼ਾਇਰੀ ਦੀ ਦੁਨੀਆ ਜਾਣੀ-ਪਛਾਣੀ ਦੇਖੀ ਸੁਣੀ ਹੈ; ਪਰ ਇਹ ਓਥੋਂ ਦੇ ਚੰਨ ਤਾਰੇ, ਜੀਅ ਜੰਤ ਸੂਰਜ ਸੱਯਾਰਿਆਂ ਨੂੰ ਆਪਣੀ ਨਜ਼ਰ ਥਾਣੀਂ ਵੇਖਣ ਨੂੰ ਆਖਦਾ ਏ। ਚੰਨ ਤਾਂ ਓਹੀ ਹੈ, ਜੋ ਬੰਦਾ ਨਿਤ ਵੇਖਦਾ ਏ, ਪਰ ਨਿਆਜ਼ੀ ਆਪਣੇ ਨਵੇਂ ਬਣਾਏ ਆਕਾਸ਼ ਵਿਚ ਉਹ ਚੰਨ ਜੜ ਕੇ ਨਵੇਂ ਰੰਗ ਭਰ ਕੇ ਸਾਨੂੰ ਵਿਖਾਂਦਾ ਏ। ਇਹੀ ਸ਼ਬਦਕਾਰੀ ਕਲਾਕਾਰੀ ਏ।

ਨਿਆਜ਼ੀ ਨੇ ਕਿਤੇ ਆਖਿਆ ਸੀ—ਮੇਰਾ ਖ਼ੌਫ਼ ਈ ਮੇਰੀ ਤਾਕਤ ਏ।

ਇਹਦੀ ਸਾਰੀ ਲਿਖਤ ਵਿਚ ਡਰ ਤਾਰੀ ਏ। ਡਰ ਵੀ ਨਹੀਂ, ਸਹਿਮ ਏ। ਡਰ ਤਾਂ ਲੱਥ ਜਾਂਦੈ। ਭਾਵੇਂ ਫ਼ਾਰਸੀ ਸ਼ਬਦ ਸਹਿਮ ਦਾ ਅਰਥ ਡਰ ਹੀ ਏ, ਪਰ ਪੰਜਾਬੀ ਵਿਚ ਆ ਕੇ ਇਹ ਉਹ ਭਾਵ ਬਣ ਗਿਆ ਏ ਜੋ ਪਾਲਣਾ ਪੈਂਦਾ ਜਾਂ ਪਲਦਾ ਰਹਿੰਦਾ ਏ। ਡਰ ਕਿਸੇ ਸ਼ੈਅ ਦਾ ਹੁੰਦਾ ਹੈ। ਸਹਿਮ ਚਿੰਤਨ ਹੈ। ਨਿਆਜ਼ੀ ਨੇ ਉਹਨੂੰ ਆਪਣੇ ਤਖ਼ਲੀਕ ਦਾ ਸੰਦ ਬਣਾ ਲਿਆ; ਉਹਦੇ ਨਾਲ ਖੇਡਾਂ ਖੇਡਣ ਲੱਗ ਪਿਆ। ਸਾਰਾ ਲੈਂਡਸਕੇਪ ਸ਼ੀਹਾਂ, ਸੱਪਾਂ, ਸੂਰਾਂ, ਮਗਰਮੱਛਾਂ, ਚੁੜੇਲਾਂ, ਸੁੰਞੀਆਂ ਦਰਗਾਹਵਾਂ, ਕ਼ਬਰਾਂ ਨਾਲ ਭਰਿਆ ਪਿਆ ਏ। ਓਥੇ ਮੌਤ ਦਾ ਜਾਲ ਵਿਛਿਆ ਪਿਆ ਏ। ਓਥੇ ਘੁੱਪ ਹਨੇਰੇ ਵਿਚ ਦੁੱਖ ਦੇ ਦੀਵੇ ਬਲਦੇ ਨੇ। ਓਥੇ ਨਾ ਕੋਈ ਰੂਹ ਵਾਲਾ ਬੰਦਾ ਏ ਤੇ ਨਾ ਬੰਦੇ ਦੀ ਜ਼ਾਤ ਏ। ਮੁਸ਼ਕਾਂ ਬੰਨ੍ਹੀਂ ਸ਼ਿਕਾਰੀ ਟੁਰੇ ਫਿਰਦੇ ਨੇ। ਤਿੰਨ ਹਜ਼ਾਰ ਸਾਲਾਂ ਤੋਂ ਧਾੜਵੀਆਂ ਜਾਬਰਾਂ ਦੀ ਵਲੂੰਧਰੀ ਪੰਜਾਬ ਦੀ ਸਰਜ਼ਮੀਨ ਦੀ ਤਸਵੀਰਕਸ਼ੀ ਇੰਜ ਹੀ ਹੋ ਸਕਦੀ ਸੀ।

ਗੁਰਬਾਣੀ ਵਿਚ ਸ਼ਬਦ ਭੈ/ਭਉ ਅਨੇਕ ਵਾਰ ਆਉਂਦਾ ਹੈ। ਰੱਬ ਤੋਂ ਡਰ ਕੇ ਰਹਿਣ ਦਾ ਮੁਹਾਵਰਾ ਵੀ ਹੈ। ਨਿਆਜ਼ੀ ਦਾ ਭੈ ਵਿਧਾਰਮਿਕ (ਸੈਕੂਲਰ) ਹੈ, ਜਿਹਦਾ ਪ੍ਰਸੰਗ ਇਤਿਹਾਸਕ ਹੈ। ਇਹ ਮਜ਼ਲੂਮ ਦਾ ਡਰ ਹੈ। ਰੱਬ ਤੋਂ ਡਰੇ ਤਾਂ ਕਲਯੁਗੀ

ਜ਼ਾਲਮ ਡਰੇ, ਮਜ਼ਲੂਮ ਕਿਉਂ ਡਰੇ ? ਰੱਬ ਤਾਂ ਮਜ਼ਲੂਮ ਦੀ ਧਿਰ ਹੈ। ਮੈਨੂੰ ਨਿਆਜ਼ੀ ਦੀ ਬਣਾਈ ਤਸਵੀਰ ਡਰਾਉਂਦੀ ਨਹੀਂ। ਇਸ ਵਿਚ ਪਿਕਾਸੋ ਦੇ ਚਿਤ੍ਰ 'ਗੁਇਰਨਿਕਾ' (1937) ਵਰਗੀ ਕੋਸ਼ਿਸ਼ ਹੈ ਤੇ ਮੁੰਕ ਦੇ ਚਿਤ੍ਰ 'ਏਸਕ੍ਰੀਕ'—ਚੀਖ਼ (1893) ਵਰਗੀ ਘਿਣ। ਮੂਰਤ ਵਿਚਲੇ ਡਰ ਤੇ ਕਵਿਤਾ ਵਿਚਲੇ ਅਮੂਰਤ ਡਰ ਵਿਚ ਬਹੁਤ ਫ਼ਰਕ ਹੁੰਦਾ ਹੈ। ਕਵਿਤਾ ਦਾ ਡਰ ਨਿਰਾਕਾਰ ਹੋਣ ਕਰਕੇ ਘੱਟ ਡਰਾਉਂਦਾ ਹੈ।

ਡਰ ਵੀ ਬਹੁਤ ਨਿੱਜੀ ਜਜ਼ਬਾ ਹੈ। ਬੰਦੇ ਦਾ ਹੰਢਾਇਆ ਡਰ ਵੰਡਿਆਇਆ ਜਾ ਈ ਨਹੀਂ ਸਕਦਾ। ਕਵੀ ਤਾਂ ਉਹਦਾ ਪਰਛਾਵਾਂ ਕਾਗ਼ਜ਼ 'ਤੇ ਛੱਡ ਆਪ ਓਝਲ ਹੋ ਜਾਂਦਾ ਹੈ। ਪਾਠਕ ਕਵੀ ਨਾਲ ਆਪਣਾ ਡਰ ਜਾਣ ਉਹਦੇ ਨਾਲ ਟੁਰਨ ਲੱਗਦਾ ਹੈ ਤਾਂ ਉਹਦਾ ਡਰ ਰਤਾ ਘਟ ਜਾਂਦਾ ਹੈ। ਬੰਦੇ ਨੂੰ ਸ਼ਾਇਰੀ ਦਾ ਏਨਾ ਕੁ ਸੁਖ ਤਾਂ ਹੈ ਵੇ।

ਨਿਆਜ਼ੀ ਦੀ ਸ਼ਾਇਰੀ ਵਿਚ ਔਰਤ ਦਾ ਮੁਹਾਂਦਰਾ ਮਾਂ-ਭੈਣ-ਸਹੇਲੜੀ ਹਾਰ ਨਹੀਂ; ਕਿਸੇ ਹੈਂਸਿਆਰੀ ਧੱਕੜ ਰੰਨ ਦਾ ਏ। ਇਹ ਉਹ ਸ਼ੌਕੀਨ ਕੁੜੀ ਏ ਜੋ ਵੱਡੀ ਹੋ ਕੇ ਕਲਪੀ ਹੋਈ ਦੁਨੀਆ ਦੀ ਲਹੂਪੀਣੀ ਡੈਣ ਚੁੜੇਲ ਬਣੀ ਦਿਸਦੀ ਏ। ਇਹਦਾ ਵਾਸਾ ਸ਼ੀਹਾਂ ਸੱਪਾਂ ਨਾਲ ਏ। ਕਿਤੇ ਹਮਦਰਦੀ ਮਰਦ ਵੀ ਨਹੀਂ। ਪਿਓ ਭਰਾ ਜਾਂ ਮਿਤ੍ਰ ਨਹੀਂ। ਪਿਆਰ ਵਸਲ ਕੋਈ ਨਹੀਂ। ਵਿਗੋਚਾ ਤਾਂ ਹੈ ਪਰ ਉਹਦਾ ਵਿਰਲਾਪ ਕੋਈ ਨਹੀਂ। ਰੰਜ ਤੇ ਪਛਤਾਵਾ ਵੀ ਨਹੀਂ। ਸ਼ਾਇਰ ਨੂੰ ਪਿਆਰ ਨਸੀਬ ਨਹੀਂ ਹੋਇਆ। ਮੈਂ ਆਪਣੀ ਨਜ਼ਮ 'ਪੰਜਾਬ ਮੇਰਾ' (ਗੁੜ੍ਹਤੀ, 2000) ਵਿਚ ਪੰਜਾਬ ਨੂੰ 'ਨਿਰਮੋਹੇ ਪਿਉ' ਨਾਲ ਤਸ਼ਬੀਹ ਦਿੱਤੀ ਏ। ਪਿਉ-ਪੁੱਤ ਦਾ ਇਹ ਚੁੱਪ ਰਿਸ਼ਤਾ ਨਿਆਜ਼ੀ ਦੀ ਨਜ਼ਮ 'ਪਰਛਾਵਿਆਂ ਪਿੱਛੇ ਤਸਵੀਰ' ਵਿਚ ਨਿਭਦਾ ਹੈ।

ਜੀਵਨ ਵਿਛੋੜੇ ਦੇ ਪੁੜਾਂ ਵਿਚ ਦਿਸਦਾ ਹੈ : ਜੰਮਣਾ (ਵਿਛੋੜਾ) <ਜੀਵਨ> ਮਰਨਾ (ਵਿਛੋੜਾ)। ਬੰਦਾ ਆਪਣੀ ਹੋਣੀ ਤੋਂ ਡਰੇ ਨਾ ਡਰੇ (ਹੋਣੀ ਦਾ ਡਰ) ਪਰ ਉਹ ਇਸ ਤੋਂ ਭੱਜ ਨਹੀਂ ਸਕਦਾ। ਨਿਆਜ਼ੀ ਨੇ ਇਸ ਨਾ-ਦਿਸਦੇ ਡਰ ਨੂੰ ਤਿੰਨ ਹਿੱਸਿਆਂ—ਅੱਖ, ਕੰਨ, ਗੰਧ ਨਾਲ ਆਪਣੀ ਛੇਵੀਂ ਹਿੱਸ ਨਾਲ ਜੋੜ ਕੇ ਦਿਖਾਇਆ। ਹੋਣੀ ਪਰਛਾਵੇਂ ਵਾਂਙ ਨਾਲ ਰਹਿੰਦੀ ਏ—'ਸਭ ਰਾਹਵਾਂ 'ਤੇ ਮੌਤ ਖਲੋਤੀ ਕਿਹੜੇ ਪਾਸੇ ਜਾਵਾਂ'। ਲਹੂ ਲਿਬੜੀਆਂ ਕੰਧਾਂ ਵਾਲੇ ਸ਼ਹਿਰ ਦੇ ਮਕਾਨ ਵੀ 'ਆਪਣੇ ਈ ਡਰ ਤੋਂ ਜੁੜੇ ਹੋਏ ਨੇ ਇਕ ਦੂਜੇ ਨਾਲ'।

***

ਮੁਨੀਰ ਨਿਆਜ਼ੀ ਨੇ ਆਖਿਆ ਸੀ : ਮੇਰੇ ਕੋਲ ਸ਼ਾਇਰੀ ਦਾ ਕੋਈ ਕਾਇਦਾ (ਸਿਧਾਂਤ) ਨਹੀਂ। ਮੇਰੇ ਕੋਲ ਨਿਰੀ ਸ਼ਾਇਰੀ ਏ, ਹੋਰ ਕੁਝ ਨਹੀਂ। ਕੋਈ ਫ਼ਲਸਫ਼ਾ ਨਹੀਂ, ਕੋਈ ਨਜ਼ਰੀਆ ਨਹੀਂ। ਮੇਰੀ ਸ਼ਾਇਰੀ ਹੀ ਮੇਰਾ ਨਜ਼ਰੀਆ ਹੈ।

ਇਸ ਕਿਸਮ ਦੀ ਸ਼ਾਇਰੀ ਨੂੰ ਅੰਗਰੇਜ਼ੀ 'ਚ 'ਪਿਓਰ ਪੋਇਟਰੀ' ਯਾਨਿ 'ਨਿਰੀ ਸ਼ਾਇਰੀ' ਆਖਦੇ ਨੇ, ਜਿਸ ਵਿਚ ਕਿਸੇ ਪ੍ਰਾਪੇਗੰਡੇ ਦਾ ਦਖ਼ਲ ਨਹੀਂ; ਬੋਲੀ ਤੇ ਖ਼ਿਆਲ ਦੀਆਂ ਖੇਡਾਂ ਦੀ ਲੁਤਫ਼ਅੰਗੇਜ਼ੀ ਹੁੰਦੀ ਏ। ਚਾਰਲਸ ਬੂਦਲੇਅਰ ਤੇ ਟੀ.ਐੱਸ. ਈਲੀਅਟ ਇਸ ਸਿਨਫ਼ ਦੇ ਵੱਡੇ ਨਾਂ ਮੰਨੇ ਜਾਂਦੇ ਨੇ।

ਨਿਆਜ਼ੀ ਨੂੰ ਇਹ ਬਿਆਨ ਦੇਣ ਦੀ ਭਾਵੇਂ ਲੋੜ ਨਾ ਸੀ ਪਰ ਇਸ ਪਿੱਛੇ ਰੌਲਾ ਪਾਉਣ ਵਾਲੇ ਉਰਦੂ ਦੇ ਜਾਅਲੀ ਤਰੱਕੀਪਸੰਦਾਂ ਦੀ ਪੂਰੀ ਇਕ ਪੀੜ੍ਹੀ ਦੀ ਪਾਈ ਦਹਿਸ਼ਤ ਬੋਲਦੀ ਸੁਣੀਂਦੀ ਏ। ਮੂਰਖਾਂ ਦੇ ਡਰਾਏ ਬੰਦੇ ਦਾ ਏਨਾ ਕੁ ਦੱਸਣਾ ਤਾਂ ਬਣਦਾ ਈ ਸੀ। ਮੰਟੋ ਵੀ ਇਨ੍ਹਾਂ ਮੂਰਖਾਂ ਦਾ ਸਤਾਇਆ ਹੋਇਆ ਸੀ।

ਨਿਆਜ਼ੀ ਆਖਦਾ ਏ : 'ਮੇਰੀ ਸ਼ਾਇਰੀ ਹੀ ਮੇਰਾ ਨਜ਼ਰੀਆ ਏ।' ਇਹਦੀ ਸ਼ਾਇਰੀ ਕੀ ਏ ? ਜੇ ਇਹ ਪਤਾ ਲੱਗ ਜਾਏ, ਤਾਂ ਸ਼ਾਇਰ ਦਾ ਨਜ਼ਰੀਆ ਹੀ ਪਤਾ ਲੱਗ ਜਾਵੇਗਾ। ਪਰ ਇਹ ਪਤਾ ਕਰਨ ਦੀ ਲੋੜ ਵੀ ਕੀ ਏ ? ਸ਼ਾਇਰ ਦੇ ਨਾਲ-ਨਾਲ ਟੁਰਦੇ ਜਾਵੋ; ਜੋ ਵੀ ਦਿਖਾਂਦਾ ਏ; ਉਹਦਾ ਦਰਸ ਕਰੋ। ਇਕ ਵਾਰ ਨਹੀਂ; ਵਾਰ ਵਾਰ।

ਨਿਆਜ਼ੀ ਨਿੱਕੀ ਨਜ਼ਮ ਦਾ ਉਸਤਾਦ ਸ਼ਾਇਰ ਹੈ। ਵਾਅਜ਼ ਨਜ਼ਮਾਂ ਇਕ-ਸਤਰੀਆਂ ਹਨ। ਇਹਨੇ ਰੁਬਾਈ ਦੇ ਕ਼ਤਅ ਦੀ ਬਹਰ ਨੂੰ ਰਲਾ ਕੇ ਨਵਾਂ ਛੰਦ ਬਣਾ ਦਿੱਤਾ। ਇਹਦੀ ਕੋਈ ਰੀਸ ਨਹੀਂ ਕਰ ਸਕਦਾ। ਇਹਦਾ ਨਾਂ 'ਨਿਆਜ਼ੀ ਛੰਦ' ਧਰ ਦਿੰਦੇ ਹਾਂ।

ਮ੍ਰਿਤਯੁੰਜਯ ਅਵਸਥੀ ਲਿਖਦਾ ਏ : ਮੁਨੀਰ ਨਿਆਜ਼ੀ ਉਹ ਪਲ-ਖਿਣ ਚਿਤਰਦਾ ਏ, ਜਿਥੋਂ ਕਵਿਤਾ ਟੁਰਨ ਲੱਗਦੀ ਏ। ਇੰਜ ਇਹ ਕਵਿਤਾ ਤੋਂ ਪਹਿਲੀ ਗੱਲ ਏ ਤੇ ਜ਼ਿਕ੍ਰ ਤੋਂ ਬਿਨਾ ਹੀ ਮੁਕੰਮਲ ਏ। ਇਸ ਪਲ-ਖਿਣ ਦਰਸ ਵਿਚ ਸਭ ਕਥਾਵਾਂ, ਸਭ ਕਵਿਤਾਵਾਂ ਹਨ; ਤੇ ਉਨ੍ਹਾਂ 'ਚ ਹਰ ਉਹ ਬਾਤ ਹੈ, ਜੋ ਟੁਰਦੀ ਰਹੇਗੀ। ਇਹ ਗੱਲ ਮੁਨੀਰ ਨਿਆਜ਼ੀ ਨੂੰ ਕਵੀਆਂ ਦਾ ਕਵੀ ਵੀ ਬਣਾਉਂਦੀ ਏ।

## ਮੁਨੀਰ ਨਿਆਜ਼ੀ ਦੀਆਂ **ਦਸ ਕਵਿਤਾਵਾਂ**

### • *ਮੇਰੀ ਮੁਸ਼ਕਿਲ*

ਕਿਸ ਨੂੰ ਮਿਲਾਂ ਤੇ ਕਿਸ ਤੋਂ ਵਿਛੜਾਂ
ਸਮਝ ਨਾ ਆਵੇ ਮੈਨੂੰ
ਕਿੱਥੋਂ ਤੁਰਾਂ ਤੇ ਕਿੱਥੇ ਜਾਵਾਂ
ਸਮਝ ਨਾ ਆਵੇ ਮੈਨੂੰ

ਕਿਸ ਵੱਲ ਜ਼ਹਿਰ ਦੀ ਅੱਖ ਨਾਲ ਤੱਕਾਂ
ਕਿਸ ਨੂੰ ਗਲ ਨਾਲ ਲਾਵਾਂ
ਕਿਹੜੇ ਰਸਤੇ ਕਦਮ ਨੂੰ ਰੱਖਾਂ
ਸਾਹਮਣੇ ਆਪਣੀਆਂ ਰਾਹਵਾਂ

ਅੱਖ ਦੇ ਸਾਹਮਣੇ ਲੱਖਾਂ ਸ਼ਕਲਾਂ
ਲੱਖਾਂ ਧੁੱਪਾਂ ਛਾਵਾਂ
ਰੋ ਰੋ ਕੇ ਬੁਲਾਂਦੀਆਂ ਗਹਿਰੀਆਂ ਅੱਖਾਂ
ਵਾਜਾਂ ਦਿੰਦੀਆਂ ਬ੍ਹਾਵਾਂ

ਕਿਸ ਨੂੰ ਦਿਆਂ ਮੈਂ ਨਫ਼ਰਤ ਦਿਲ ਦੀ
ਕਿਸ ਨਾਲ ਪਿਆਰ ਵਧਾਵਾਂ॥

### • *ਇਕ ਬੜਾ ਪੁਰਾਣਾ ਖ਼ੌਫ਼*

ਓਸ ਵੇਲੇ ਵੀ ਜਦੋਂ ਐਹ ਸਾਰੇ
ਪੱਕੇ ਘਰ ਨਹੀਂ ਹੁੰਦੇ ਸਨ
ਰਾਹਵਾਂ 'ਚ ਫਿਰਦੀ ਮੌਤ ਦੇ ਐਨੇ
ਬਹੁਤੇ ਫਨ ਨਹੀਂ ਹੁੰਦੇ ਸਨ

ਲੋਕ ਅਸਮਾਨ ਦੀ ਚੁੱਪ ਤੋਂ ਡਰ ਕੇ
ਇੰਜ ਈ ਰੌਲਾ ਪਾਂਦੇ ਸਨ
'ਕੱਲਿਆਂ ਰਹਿਣ ਤੋਂ ਉਹ ਵੀ ਸਾਰੇ
ਸਾਡੇ ਈ ਵਾਂਙ ਘਬਰਾਂਦੇ ਸਨ

### • *ਜ਼ਮੀਨ ਦਾ ਇਕ ਹੋਰ ਦੁਸ਼ਮਣ*

ਐਸ ਜ਼ਮੀਨ ਨੂੰ ਪੁੱਟੇ ਜਾਵੋ
ਅੱਗੇ ਹੋਵੇਗਾ ਪਾਣੀ
ਐਸ ਜ਼ਮੀਨ 'ਤੇ ਤੁਰਦੇ ਜਾਵੋ
ਅੰਤ ਮਿਲੇਗਾ ਪਾਣੀ

ਸਾਰੀਆਂ ਰਾਹਵਾਂ ਮੱਲ ਕੇ ਬੈਠਾ
ਲਾ ਕੇ ਫਾਹੀਆਂ ਪਾਣੀ
ਚੰਨ ਨੂੰ ਵੇਖ ਕੇ ਸ਼ੂਕਰ ਮਾਰੇ
ਵਾਂਙ ਸ਼ੁਦਾਈਆਂ ਪਾਣੀ

### • *ਗੱਲ ਇਕ ਸ਼ਾਮ ਦੀ*

ਉੱਚਾ ਕੱਦ ਤੇ ਸ਼ਾਨ ਨਿਰਾਲੀ
ਨਜ਼ਰਾਂ ਵਾਂਙ ਖ਼ਿਆਲ
ਰੰਗ ਕਮੀਜ਼ ਦਾ ਭਿੱਜਿਆ ਹੋਇਆ
ਗਰਮ ਪਸੀਨੇ ਨਾਲ

ਬੁੱਲ੍ਹ ਸਨ ਓਸ ਕੁੜੀ ਦੇ
ਜਿਵੇਂ ਲਾਲ ਲਹੂ ਦਾ ਜਾਲ
ਸੱਪ ਦੀ ਤਰ੍ਹਾਂ ਹੁਸ਼ਿਆਰ ਬਦਨ ਸੀ
ਬੇਪਰਵਾਹ ਜਿਹੀ ਚਾਲ

ਕਿਵੇਂ ਉਹ ਖ਼ੁਸ਼ ਖ਼ੁਸ਼ ਚੱਲੀ ਸੀ ਘਰ ਨੂੰ
ਡਰ ਨੇ ਦਿੱਤਾ ਰੋਕ
ਐਸਾ ਹੁਸਨ ਸੀ ਸ਼ਾਮਾਂ ਵੇਲੇ
ਚੁੱਪ ਜਿਹੇ ਕਰ ਗਏ ਲੋਕ

### • *ਵਰ੍ਹਿਆਂ ਬਾਅਦ ਮੁਲਾਕਾਤ*

ਪਹਿਲਾਂ ਤਾਂ ਮੈਂ ਲੰਘ ਗਿਆ ਐਵੇਂ ਜਿਵੇਂ ਕੋਈ ਅਣਜਾਣ
ਫੇਰ ਮੈਂ ਉਹਨੂੰ ਪਛਾਣ ਕੇ ਹੋਇਆ ਬਹੁਤ ਹੈਰਾਨ॥

### • *ਮੈਂ ਤੇ ਖਾਨਪੁਰ ਦੇ ਹੋਰ ਲੋਕ*

ਸ਼ਾਹ ਨੂਰ ਜਮਾਲ ਦੇ ਮਜ਼ਾਰ ਜਾ ਰਹੇ ਸਾਂ
ਓਸ ਬਜ਼ੁਰਗ ਦੇ ਮਜ਼ਾਰ 'ਤੇ ਲੱਗਣ ਵਾਲੇ ਮੇਲੇ

ਸਖ਼ਤ ਪੱਥਰ ਵਾਲੇ ਪਹਾੜ ਦੇ ਅੰਦਰ
ਓਸ ਬਜ਼ੁਰਗ ਦੇ ਮਜ਼ਾਰ ਦੇ ਹੇਠਾਂ ਗੰਧਕ ਦਾ ਚਸ਼ਮਾ ਸੀ
ਤੇ ਓਸ ਤੋਂ ਅੱਗੇ
ਸੀਤਾ ਕੁੰਡ ਤੇ ਰਾਮ ਕੁੰਡ

ਹਾਂ, ਯਾਦ ਆਇਆ
ਓਸ ਮਜ਼ਾਰ ਦੇ ਉੱਪਰ ਇਕ ਸ਼ਜਰ ਸੀ
ਜਿਸ ਦੇ ਫ਼ਲ ਦੀ ਸ਼ਕਲ ਸੱਪ ਵਰਗੀ ਸੀ
ਖ਼ੈਰ, ਐਹ ਗੱਲਾਂ ਤੇ ਹੁੰਦੀਆਂ ਰਹਿਣਗੀਆਂ
ਅਸਲ ਗੱਲ ਮੈਂ ਐਹ ਕਰਨਾ ਚਾਹੁੰਦਾ ਸਾਂ
ਪਈ ਜਦੋਂ ਰਾਹ ਦੇ ਵਿਚ ਆਂਦਿਆਂ
ਅੰਬੀਆਂ ਦੇ ਬਾਗ਼ਾਂ 'ਚੋਂ ਲੰਘੇ ਜਾ ਰਹੇ ਸਾਂ
ਅਚਾਨਕ ਘਟਾ ਦਾ ਰੰਗ ਅਜੀਬ ਜਿਹਾ ਹੋ ਗਿਆ

ਮੈਂ ਜਿਹੜੇ ਹੋਰਾਂ ਲੋਕਾਂ ਤੋਂ ਪਿੱਛੋ ਰਹਿ ਗਿਆ ਸਾਂ

ਸੱਜੇ ਪਾਸੇ ਨਿਗਾਹ ਕੀਤੀ
ਬੇਰੀਆਂ ਦੇ ਜ਼ਖ਼ੀਰੇ ਵਿਚ
ਮੋਰ ਆਪਣੀ ਇਕੱਲ ਵਿਚ ਮਸਤ ਪੈਲ ਪਾਈ ਖੜ੍ਹਾ ਸੀ
ਤੇ ਉਹਦੇ ਉਪਰ ਘਟਾ ਦਾ ਰੰਗ ਇੰਜ ਹਰਾ ਸੀ
ਜਿਵੇਂ ਓਸ 'ਤੇ ਨੀਲ ਫਿਰ ਗਿਆ ਹੋਵੇ

ਇਕ ਹਰਫ਼ ਦੇ ਕਿੰਨੇ ਮਤਲਬ ਨਿਕਲ ਆਉਂਦੇ ਨੇ
ਯਾਦ ਵਿਚ ਬਹੁਤ ਗੱਲਾਂ ਵਿਚੋਂ ਭੁੱਲ ਜਾਂਦੀਆਂ ਨੇ
ਮੇਰੇ ਨਾਲ ਦਿਆਂ ਨੂੰ ਖ਼ਵਰੇ ਇਹ ਮੇਲਾ ਕਿੰਜ ਯਾਦ ਹੋਣਾ ਏ

### • *ਬੇਉਨਵਾਨ*

ਪੰਜ ਵੇਲੇ ਪੰਜ ਦਰ ਨੇ
ਜਿਹੜੇ ਓਸ ਦੇ ਨਾਮ 'ਤੇ ਖੁੱਲ੍ਹਦੇ
ਪੰਜ ਵੇਲੇ ਪੰਜ ਨਕਸ਼ ਨੇ ਦਿਲ 'ਤੇ
ਜੋ ਭੁਲਾਇਆਂ ਨਹੀਂ ਭੁੱਲਦੇ

ਪੰਜ ਰੰਗ ਦਰਬਾਰ ਨੇ ਰੱਬ ਦੇ
ਵਿਚ ਦੁਨੀਆ ਦੇ ਲੱਗਦੇ
ਪੰਜ ਦਰਿਆ ਜਿਵੇਂ ਦੇਰ ਦੀ ਪਿਆਸੀ
ਧਰਤੀ ਉੱਤੇ ਵਗਦੇ

ਪੰਜ ਦੁਆਵਾਂ ਖ਼ਾਲੀ ਦਿਨ ਵਿਚ
ਅੱਗੇ ਸੱਚੇ ਰੱਬ ਦੇ
ਪੰਜ ਆਵਾਜ਼ਾਂ ਖ਼ਾਲੀ ਦਿਨ ਵਿਚ
ਪੰਜ ਉਡੀਕਾਂ ਜੱਗ 'ਤੇ

### • *ਕਿੱਥੇ ਜਾਈਏ*

ਐਸ ਜਗ੍ਹਾ ਤੋਂ ਹਿਜਰਤ ਕਰਕੇ
ਜਿਹੜੀ ਜਗ੍ਹਾ 'ਤੇ ਜਾਈਏ
ਕਿਹੜੀ ਥਾਂ ਹੁਣ ਰਹਿਣ ਨੂੰ ਲੱਭੀਏ
ਕਿੱਥੇ ਕੋਠੇ ਪਾਈਏ

ਜੋ ਕੁਝ ਗੁਜ਼ਰਿਆ ਏਥੇ ਆ ਕੇ
ਕਿੱਥੇ ਜਾ ਭੁਲਾਈਏ
ਜੋ ਕੁਝ ਸੋਚ ਕੇ ਆਏ ਸਾਂ ਏਥੇ
ਕਿਸ ਥਾਂ ਲੱਭਣ ਜਾਈਏ

### • *ਪਰਛਾਵਿਆਂ ਪਿੱਛੇ ਤਸਵੀਰ*

ਬਾਪ ਮਰਦਾ ਜਾ ਰਿਹਾ ਸੀ
ਮਾਂ ਬੜੀ ਦਿਲਗੀਰ ਸੀ
ਚੁੱਪ ਸੀ ਉਹ ਜਿਵੇਂ ਕੋਈ
ਖ਼ਾਬ ਦੀ ਤਸਵੀਰ ਸੀ

ਸ਼ਾਮ ਦੇ ਪਰਛਾਵਿਆਂ ਦਾ
ਰੰਗ ਸੀ ਗੂੜ੍ਹਾ ਬਹੁਤ
ਬਾਗ਼ੀ ਬੇਟਾ ਬਾਪ ਦੇ
ਐਸ ਹਾਲ 'ਤੇ ਰੋਇਆ ਬਹੁਤ

ਵੇਖ ਕੇ ਇਕ ਦੂਸਰੇ ਵੱਲ
ਦੋਨੋਂ ਕੁਝ ਬੋਲੇ ਨਹੀਂ
ਕੀ ਉਨ੍ਹਾਂ ਦੇ ਦਿਲ ਵਿਚ ਸੀ
ਭੇਤ ਐਹ ਖੋਲ੍ਹੇ ਨਹੀਂ

ਦਿਲ ਦੁਖੀ ਸਨ
ਨਜ਼ਰਾਂ ਡੂੰਘੇ ਗ਼ਮ ਨਸੀਬ ਦੀ ਤਰ੍ਹਾਂ
ਫੇਰ ਵੀ ਉਹ ਲੱਗ ਰਹੇ ਸਨ
ਦੋ ਰਕ਼ੀਬਾਂ ਦੀ ਤਰ੍ਹਾਂ

### • *ਯਾਦ ਨਹੀਂ ਰਹੇ*

ਜਿਹੜੇ ਅਪਣੇ ਜਹੇ ਕੁਝ ਲੱਗਦੇ ਸਨ, ਹੁਣ ਉਨ੍ਹਾਂ ਦੇ ਨਕਸ਼ ਵੀ ਯਾਦ ਨਹੀਂ ਰਹੇ।
ਜਿਨ੍ਹਾਂ ਘਰਾਂ 'ਚ ਉਮਰਾਂ ਬੀਤੀਆਂ ਸਨ, ਉਨ੍ਹਾਂ ਘਰਾਂ ਦੇ ਰਸਤੇ ਵੀ ਯਾਦ ਨਹੀਂ ਰਹੇ॥

ਭੁੱਲ ਗਏ ਉਹ ਮੁਖੜੇ ਖ਼ਾਬ ਵਰਗੇ, ਕੋਈ ਗੱਲ ਨਹੀਂ ਯਾਦ ਉਨ੍ਹਾਂ ਦਿਲਬਰਾਂ ਦੀ,
ਕਦੀ ਬਾਰੀਆਂ ਵਿਚ, ਕਦੀ ਮਹਿਫ਼ਲਾਂ ਵਿਚ, ਉਨ੍ਹਾਂ ਅੱਖਾਂ ਦੇ ਜਲਵੇ ਵੀ ਯਾਦ ਨਹੀਂ ਰਹੇ॥

ਏਡੇ ਮਸਤ ਹਾਂ ਅਪਣੇ ਆਪ ਦੇ ਵਿਚ, ਏਡੇ ਗੁੰਮ ਹਾਂ ਅਪਣੀ ਜ਼ਾਤ ਦੇ ਵਿਚ,
ਜਿਨ੍ਹਾਂ ਵੇਲਿਆਂ ਨੂੰ ਹੁਣੇ ਹਿਸਾਬ ਦਿੱਤਾ, ਉਹ ਹਸ਼ਰ ਦੇ ਵੇਲੇ ਵੀ ਯਾਦ ਨਹੀਂ ਰਹੇ॥

ਇਹ ਵੀ ਸਾਲ ਨੇ ਅਜਬ ਮੁਹੱਬਤਾਂ ਦੇ, ਅਸੀਂ ਭੁੱਲ ਗਏ ਉਹ ਵੀ ਭੁੱਲ ਗਿਆ।
ਗਿਲੇ ਓਸਦੇ ਕੌਲ ਕਰਾਰ ਦੇ ਕੀ, ਸਾਨੂੰ ਆਪਣੇ ਹੀ ਵਾਅਦੇ ਵੀ ਯਾਦ ਨਹੀਂ ਰਹੇ॥

ਕੋਈ ਅਮਲ ਮੁਨੀਰ ਨਹੀਂ ਮਿਟ ਸਕਦਾ, ਇਸ ਬਾਗ਼ ਦੀ ਮਹਿਕ ਸਦਾ ਉੜਦੀ ਏ,
ਉਨ੍ਹਾਂ ਕੰਮਾਂ ਨੇ ਸਾਡਾ ਨਿਸ਼ਾਨ ਹੋਣਾ, ਜਿਨ੍ਹਾਂ ਕੰਮਾਂ ਦੇ ਵੇਲੇ ਵੀ ਯਾਦ ਨਹੀਂ ਰਹੇ॥
*